2025-140655
ਸੀ-1

# ਦਫਤਰ ਉਪ ਮੰਡਲ ਮੈਜਿਸਟਰੇਟ-ਕਮ ਚੋਣਕਾਰ ਰਜਿਸਟਰੇਸ਼ਨ ਅਫਸਰ

090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ

OFFICE OF THE SUB DIVISIONAL MAGISTRATE-CUM ELECTORAL REGISTRATION OFFICE
90-RAMPURA PHUL A.C.

Phone No.01651-248225 Fax No. 01651-248025 E-mail: ero90rampuraphul@gmail.com

ਜਿੰਮੇਵਾਰ ਬਣੋ, ਵੋਟਰ ਬਣੋ

ਜਿੰਮੇਵਾਰ ਬਣੋ, ਵੋਟਰ ਬਣੋ

ਵੱਲ

1. ਜਿਲ੍ਹਾ ਸਿੱਖਿਆ ਅਫਸਰ, ਬਠਿੰਡਾ (ਸੈਕ ਅਤੇ ਐਲੀ)।
2. ਕਾਰਜਕਾਰੀ ਇੰਜੀਨੀਅਰ, ਜਲ ਸਰੋਤ ਲਾਇਨਿੰਗ ਡਵੀਜ਼ਨ, ਰਾਮਪੁਰਾ
3. ਕਾਰਜਕਾਰੀ ਇੰਜੀਨੀਅਰ, ਵਿ.ਨਿ.ਸੈ. 02 ਉਸਾਰੀ ਮੰਡਲ ਨੰ. ..., ਬਠਿੰਡਾ.
4. ਕਾਰਜਕਾਰੀ ਇੰਜੀਨੀਅਰ, ਵਿ.ਨਿ.ਸੈ. 02 ਨੈਸ਼ਨਲ ਹਾਈਵੇ ਮੰਡਲ ਨੰ. ..., ਬਠਿੰਡਾ.
5. ਸੀਨੀਅਰ ਮੈਡੀਕਲ ਅਫਸਰ, ਭਗਤਾ/ਰਾਮਪੁਰਾ/ਨਥਾਣਾ.
6. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਭਗਤਾ/ਫੂਲ.
7. ਕਾਰਜਕਾਰੀ ਇੰਜੀਨੀਅਰ, ਪੀ.ਐੱਸ.ਪੀ.ਸੀ.ਐੱਲ. ਰਾਮਪੁਰਾ ਫੂਲ/ ਭਗਤਾ.
8. ਖੇਤੀਬਾੜੀ ਅਫਸਰ, ਫੂਲ.
9. ਖੁਰਾਕ ਅਤੇ ਸਪਲਾਈ ਅਫਸਰ ਭਗਤਾ/ਰਾਮਪੁਰਾ ਫੂਲ/ਬਠਿੰਡਾ
10. ਬਾਲ ਵਿਕਾਸ ਪ੍ਰੋਜੈਕਟ ਅਫਸਰ, ਫੂਲ/ਭਗਤਾ
11. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਰਾਮਪੁਰਾ ਫੂਲ
12. ਕਾਰਜ ਸਾਧਕ ਅਫਸਰ, ਪੰਚਾਇਤ ਅਫਸਰ, ਮਲੂਕਾ/ਕੋਠਾ ਗੁਰੂ/ ਮਹਿਰਾਜ/ ਭਗਤਾ/ ਭਾਈਰੂਪਾ
13. ਮੈਨੇਜਰ, ਮਾਰਕਫੈਡ, ਰਾਮਪੁਰਾ ਫੂਲ।
14. ਡੀਨ, ਕਾਲਜ ਆਫ ਇੰਜੀਨੀਅਰਿੰਗ ਐਂਡ ਮੈਨੇਜਮੇਂਟ, ਰਾਮਪੁਰਾ
15. ਪ੍ਰਿੰਸੀਪਲ, ਟੀ.ਪੀ.ਡੀ. ਮਾਲਵਾ ਕਾਲਜ, ਫੂਲ, ਮਹਿਰਾਜ

ਪੱਤਰ ਨੰ 886-902 /ਚੋਣ ਸ਼ਾਖਾ ਮਿਤੀ- 25/9/25

ਵਿਸ਼ਾ:- ਯੋਗਤਾ ਮਿਤੀ 01.01.2026 ਲਈ Special Intensive Revision (SIR) ਵੋਟਰ ਸੂਚੀਆਂ ਦੀ ਸੁਧਾਈ ਸਬੰਧੀ।

ਹਵਾਲਾ:- ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਦਾ ਪੱਤਰ ਨੰ. 1745-50 ਮਿਤੀ 16.09.2025 ਸਬੰਧੀ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਮਾਨਯੋਗ ਮੁੱਖ ਚੋਣ ਅਫਸਰ ਪੰਜਾਬ ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਮਿਤੀ 01.01.2026 ਲਈ Special Intensive Revision (SIR) ਦਾ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਮੁਤਾਬਕ ਵੋਟਰ ਸੂਚੀ ਸਾਲ 2003 ਦੀ ਫਾਈਨਲ ਵੋਟਰ ਸੂਚੀ ਦਾ ਮਿਲਾਣ ਸਾਲ 2025 ਨਾਲ ਕਰਕੇ ਕੈਟਾਗਿਰੀ ਵਾਇਜ਼ (A,B,C,D,E,F,G) ਅਨੁਸਾਰ ਵੋਟਰਾਂ ਦਾ ਡਾਟਾ ਦਿੱਤੇ ਲਿੰਕ https://elections.punjab.gov.in/revision2026 ਤੇ ਅਪਲੋਡ ਕੀਤਾ ਜਾਣਾ ਹੈ। ਰੋਜ਼ਾਨਾ ਕੀਤੇ ਕੰਮ ਦੀ ਰਿਪੋਰਟ ਮਾਨਯੋਗ ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਨੂੰ ਭੇਜੀ ਜਾਂਦੀ ਹੈ। ਇਸ ਲਈ ਆਪ ਦੇ ਅਧੀਨ ਆਉਂਦੇ ਕਰਮਚਾਰੀ ਜਿੰਨਾ ਦੀ ਡਿਊਟੀ ਹਲਕਾ 090 ਰਾਮਪੁਰਾ ਫੂਲ ਵਿਖੇ ਬੂਥ ਲੈਵਲ ਅਫਸਰ ਲੱਗੀ ਹੈ, ਇਨ੍ਹਾਂ ਨੂੰ ਆਪਣੇ ਪਿੱਤਰੀ ਵਿਭਾਗ ਤੋਂ ਮਿਤੀ 26.09.2025 ਤੋਂ 28.09.2025 ਤਕ ਫਾਰਗ ਕੀਤਾ ਜਾਵੇ ਅਤੇ ਜੇਕਰ ਇਨਾ ਕਰਮਚਾਰੀਆ ਦੀਆਂ ਡਿਊਟੀਆਂ ਆਪਣੇ ਸਕੂਲ/ਵਿਭਾਗ ਵਿਚ ਕਿਸੇ ਹੋਰ ਕੰਮ ਲਈ ਲੱਗੀਆਂ ਹੋਈਆਂ ਹਨ, ਤਾਂ ਆਪ ਵਲੋਂ ਇਨ੍ਹਾਂ ਦਾ ਬਦਲਵਾਂ ਪ੍ਰਬੰਧ ਕੀਤਾ ਜਾਵੇ। ਫਾਰਗ ਕਰਨ ਉਪਰੰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਇਸ ਤੋਂ ਇਲਾਵਾ ਸੁਪਰਵਾਈਜਰ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਬੂਥ ਲੈਵਲ ਅਫਸਰ ਵਲੋਂ ਇਸ ਅਹਿਮ ਕੰਮ ਨੂੰ ਚੋਣ ਕਮਿਸ਼ਨ ਦੀਆਂ ਹਦਾਇਤ ਅਨੁਸਾਰ ਸਮੇ ਸਿਰ ਪੂਰਾ ਕਰਵਾਇਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ।

ਪਿੱਠ ਅੰਕਣ ਨੰ. 903-04 /ਚੋਣ ਸ਼ਾਖਾ ਮਿਤੀ- 25/9/25

ਇਸ ਦਾ ਇੱਕ ਉਤਾਰਾ:

1. ਜਿਲ੍ਹਾ ਚੋਣ ਅਫਸਰ, ਬਠਿੰਡਾ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਵਿਧਾਨ ਸਭਾ ਹਲਕਾ 090 ਰਾਮਪੁਰਾ ਫੂਲ ਦੇ ਸਮੂਹ ਸੈਕਟਰ/ਸੁਪਰਵਾਈਜਰ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਬੂਥ ਲੈਵਲ ਅਫਸਰ ਨਾਲ ਤਾਲਮੇਲ ਕਰਕੇ ਇਸ ਅਹਿਮ ਕੰਮ ਨੂੰ ਮੁਕੰਮਲ ਕਰਵਾਇਆ ਜਾਵੇ ਤੇ ਰਿਪੋਰਟ ਇਸ ਦਫਤਰ ਪਾਸ ਤੁਰੰਤ ਭੇਜੀ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।

## ਦਫਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ ਜੀ-1/1 ( )2025/ 6409 ਮਿਤੀ 26-09-2025

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

26/09/25

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।